## ਦਸੰਬਰ ਪ੍ਰੀਖਿਆ - 2010
## ਵਿਸ਼ਾ: ਸਮਾਜਿਕ ਸਿੱਖਿਆ, ਜਮਾਤ: ਛੇਵੀਂ

**ਸਮਾਂ: 3 ਘੰਟੇ** **ਕੁਲ ਅੰਕ:100**

**ਨੋਟ: ਸਾਰੇ ਪ੍ਰਸ਼ਨ ਜ਼ਰੂਰੀ ਹਨ। 3 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 20 ਸ਼ਬਦਾਂ ਵਿਚ, ਅਤੇ 5 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 75 ਸ਼ਬਦਾਂ ਵਿੱਚ ਅਤੇ 8 ਅੰਕਾਂ ਵਾਲੇ ਪ੍ਰਸ਼ਨ ਦਾ ਉੱਤਰ 250 ਸ਼ਬਦਾਂ ਵਿੱਚ ਦਿਉ।**

### (ਭੂਗੋਲ) ਅੰਕ 40

1. ਭਾਰਤ ਦੇ ਗੁਆਂਢੀ ਦੇਸ਼ਾਂ ਦੇ ਨਾਂ ਲਿਖੋ। (3)
2. 21 ਜੂਨ ਨੂੰ ਸੂਰਜ ਦੀਆਂ ਕਿਰਨਾਂ ਕਿਥੇ ਸਿੱਧੀਆਂ ਪੈਂਦੀਆਂ ਹਨ? (3)
3. ਭਾਰਤ ਨੂੰ ਉਪ ਮਹਾਂਦੀਪ ਕਿਉਂ ਕਹਿੰਦੇ ਹਨ? (3)
4. ਸੰਸਾਰ ਦੇ ਪ੍ਰਸਿੱਧ ਪਠਾਰਾਂ ਦੇ ਨਾਂ ਦੱਸੋ। (3)
5. ਜਲਮੰਡਲ ਦਾ ਮਨੁੱਖ ਦੇ ਜੀਵਨ ਲਈ ਕੀ ਮਹੱਤਵ ਹੈ? (5)
6. ਕੁਦਰਤੀ ਬਨਸਪਤੀ ਦੇ ਲਾਭਾਂ ਬਾਰੇ ਜਾਣਕਾਰੀ ਦਿਉ। (5)
7. **ਹੇਠ ਲਿਖੇ ਤੱਥ ਸਹੀ (✓) ਹਨ ਜਾਂ ਗਲਤ (×) :** (5)
   ੳ) ਦਿਨ ਤੇ ਰਾਤ ਹਮੇਸ਼ਾਂ ਬਰਾਬਰ ਨਹੀਂ ਹੁੰਦੇ। ☐
   ਅ) ਹਰੇਕ ਵਿਥਕਾਰ ਅਰਧ ਗੋਲਾ ਹੁੰਦਾ ਹੈ। ☐
   ੲ) ਜਿਉਂ-ਜਿਉਂ ਭੂਮੱਧ ਰੇਖਾ ਤੋਂ ਦੂਰ ਜਾਈਏ ਤਾਂ ਤਾਪਮਾਨ ਵੱਧਦਾ ਜਾਂਦਾ ਹੈ। ☐
   ਸ) ਧਰਤੀ ਪੱਛਮ ਤੋਂ ਪੂਰਬ ਵੱਲ ਘੁੰਮਦੀ ਹੈ। ☐
   ਹ) ਊਸ਼ਨ-ਤਾਪ ਖੰਡ, ਕਰਕ ਰੇਖਾ ਅਤੇ ਮਕਰ ਰੇਖਾ ਦੇ ਵਿਚਕਾਰ ਹੁੰਦਾ ਹੈ। ☐
8. **ਖਾਲੀ ਥਾਵਾਂ ਭਰੋ :** (5)
   ੳ) ਧਰਤੀ ਦਾ ਘੇਰਾ ਲਗਭਗ ......... ਕਿਲੋਮੀਟਰ ਹੈ।
   ਅ) ........... ਖੇਤਰਾਂ ਵਿਚ ਛੇ ਮਹੀਨੇ ਦਾ ਦਿਨ ਅਤੇ ਛੇ ਮਹੀਨੇ ਦੀ ਰਾਤ ਹੁੰਦੀ ਹੈ।
   ੲ) ............... ਭਾਰਤ ਦਾ ਸਭ ਤੋਂ ਛੋਟਾ ਰਾਜ ਹੈ।
   ਸ) ਧਰਤੀ ............. ਦਿਸ਼ਾ ਤੋਂ ......... ਦਿਸ਼ਾ ਵੱਲ ਘੁੰਮਦੀ ਹੈ।
   ਹ) ਧਰਤੀ ਦਾ 2/3 ਹਿੱਸਾ ......... ਨੇ ਘੇਰਿਆ ਹੈ।
9. ਜੀਵਮੰਡਲ ਬਾਰੇ ਸੰਖੇਪ ਜਾਣਕਾਰੀ ਦਿਉ। (8)

   ਜਾਂ

   ਕੁਦਰਤੀ ਸਾਧਨਾਂ ਦੀ ਸੰਭਾਲ ਸੰਬੰਧੀ ਲਿਖੋ।

### (ਇਤਿਹਾਸ) ਅੰਕ 40

10. ਪੂਰਵ ਇਤਿਹਾਸ ਅਤੇ ਇਤਿਹਾਸ ਤੋਂ ਕੀ ਭਾਵ ਹੈ? (3)
11. ਵੈਦਿਕ ਕਾਲ ਵਿਚ ਕਿਹੜੇ-ਕਿਹੜੇ ਦੇਵਤਿਆਂ ਦੀ ਪੂਜਾ ਕਰਦੇ ਸਨ? (3)
12. ਹੜੱਪਾ ਸਭਿਅਤਾ ਦੇ ਮਹੱਤਵਪੂਰਨ ਨਗਰਾਂ ਦੇ ਨਾਂ ਲਿਖੋ। (3)
13. ਮਹਾਜਨਪਦ ਤੋਂ ਕੀ ਭਾਵ ਹੈ? (5)
14. ਪਹੀਏ ਦੀ ਖੋਜ ਨੇ ਮਨੁੱਖ ਦੀ ਕਿਸ ਤਰ੍ਹਾਂ ਸਹਾਇਤਾ ਕੀਤੀ? (5)
15. ਗੁਪਤ ਕਾਲ ਨੂੰ ਭਾਰਤ ਦਾ 'ਸੁਨਹਿਰੀ ਯੁਗ' ਕਿਉਂ ਕਹਿੰਦੇ ਹਨ? (5)

**16. ਹੇਠ ਲਿਖੇ ਤੱਥ ਸਹੀ (✓) ਜਾਂ ਗਲਤ (×) :** (6)

ੳ) ਮਨੂੰ ਸਮ੍ਰਿਤੀ ਧਰਮ ਸ਼ਾਸਤਰ ਗ੍ਰੰਥ ਹੈ। ☐

ਅ) ਅੱਗ ਦੀ ਖੋਜ ਇੱਕ ਵਿਗਿਆਨੀ ਨੇ ਕੀਤੀ। ☐

ੲ) ਵੈਦਿਕ ਕਾਲ ਵਿੱਚ ਇਸਤ੍ਰੀਆਂ ਦਾ ਆਦਰ ਨਹੀਂ ਹੁੰਦਾ ਸੀ। ☐

ਸ) ਭਾਰਤ ਨਾਲ ਮਿਸਰ ਦੇ ਕੋਈ ਸੰਬੰਧ ਨਹੀਂ ਸਨ। ☐

ਹ) ਕਾਂਚੀਪੁਰਮ ਚਾਲੂਕਿਆਂ ਦੀ ਰਾਜਧਾਨੀ ਸੀ। ☐

ਕ) ਰਾਜਵਰਧਨ ਹਰਸ਼ਵਰਧਨ ਦਾ ਪਿਤਾ ਸੀ। ☐

**17. ਸਹੀ ਜੋੜੇ ਬਣਾਉ :** (4)

| | | |
|---|---|---|
| 1. | ਆਰੀਆਵਰੱਤ | ਪੰਜਾਬ |
| 2. | ਮਦ੍ਰਕ | ਉੱਤਰੀ ਭਾਰਤ |
| 3. | ਲੋਹ-ਸਤੰਭ | ਇਕ ਅਫ਼ਸਰ |
| 4. | ਕੁਮਾਰਾਮਾਤਯ | ਦਿੱਲੀ |

18. ਸਮੁੰਦਰ ਗੁਪਤ ਦੀਆਂ ਜਿੱਤਾਂ ਦਾ ਵਰਣਨ ਕਰੋ। (8)

ਜਾਂ

ਅਸ਼ੋਕ ਨੂੰ 'ਮਹਾਨ' ਕਿਉਂ ਕਿਹਾ ਜਾਂਦਾ ਹੈ?

## (ਨਾਗਰਿਕ ਸ਼ਾਸਤਰ) ਅੰਕ - 20

19. ਪ੍ਰਾਚੀਨ ਸਮਾਜ ਵਿੱਚ ਮਨੁੱਖੀ ਜੀਵਨ ਕਿਹੋ ਜਿਹਾ ਸੀ? (3)

20. ਪੰਚਾਇਤੀ ਰਾਜ ਦੀ ਮੁੱਢਲੀ ਅਤੇ ਸਿਖਰ ਦੀ ਸੰਸਥਾ ਦਾ ਨਾਂ ਲਿਖੋ। (3)

21. ਜ਼ਿਲ੍ਹਾ ਪ੍ਰੀਸ਼ਦ ਦੇ ਕੋਈ ਦੋ ਕੰਮ ਲਿਖੋ। (3)

22. ਸ਼ਹਿਰੀ ਸਥਾਨਕ ਸਰਕਾਰ ਦੀ ਆਮਦਨ ਦੇ ਚਾਰ ਸਾਧਨ ਦੱਸੋ। (3)

**23. ਹੇਠ ਲਿਖੇ ਵਾਕਾਂ ਵਿੱਚ ਸਹੀ (✓) ਜਾਂ ਗਲਤ (×) ਦਾ ਨਿਸ਼ਾਨ ਲਗਾਓ :** (4)

ੳ) ਮਨੁੱਖ ਇਕੱਲਾ ਰਹਿ ਸਕਦਾ ਹੈ। ☐

ਅ) ਸਥਾਨਕ ਸਰਕਾਰ ਦੀ ਚੋਣ ਲਈ ਵੋਟਰ ਦੀ ਉਮਰ 18 ਸਾਲ ਹੁੰਦੀ ਹੈ। ☐

ੲ) ਪੰਜਾਬ ਵਿਚ ਨਗਰ ਨਿਗਮ ਦੇ ਪ੍ਰਧਾਨ ਨੂੰ ਮੇਅਰ ਕਿਹਾ ਜਾਂਦਾ ਹੈ। ☐

ਸ) ਅੰਗਰੇਜ਼ੀ ਰਾਜ ਸਮੇਂ ਪਿੰਡਾਂ ਦੀ ਆਰਥਿਕ ਹਾਲਤ ਬਹੁਤ ਮਾੜੀ ਸੀ। ☐

**24. ਹੇਠ ਲਿਖੇ ਖਾਲੀ ਸਥਾਨ ਭਰੋ:** (4)

ੳ) ਸ਼ਹਿਰੀ ਸੰਖਿਆ ਦਿਨ ਬਦਿਨ .................... ਜਾ ਰਹੀ ਹੈ।

ਅ) ਮੁੱਢਲੇ ਮਨੁੱਖ ਦਾ ਧੰਦਾ ................. ਸੀ।

ੲ) ਭਾਰਤ ਵਿਚ ........... ਰਾਜ ਅਤੇ ................ ਕੇਂਦਰੀ ਸਾਸ਼ਿਤ ਪ੍ਰਦੇਸ ਹਨ।

ਸ) ਪੰਜਾਬ ਰਾਜ ਵਿੱਚ ................ ਜ਼ਿਲ੍ਹਾ ਪ੍ਰੀਸ਼ਦ ਹਨ।